ਪੰਜਾਬ ਸਰਕਾਰ
ਉਚੇਰੀ ਸਿੱਖਿਆ ਵਿਭਾਗ
(ਸਿੱਖਿਆ-1 ਸ਼ਾਖਾ)

**ਨੋਟੀਫਿਕੇਸ਼ਨ**

ਨੰ:7/5/2018-5 ਸਿ.1/6402-6410 ਮਿਤੀ,ਚੰਡੀਗੜ੍ਹ:10.12.2021

ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਮੰਤਰੀ ਪ੍ਰੀਸ਼ਦ ਦੀ ਮਿਤੀ 01.12.2021 ਨੂੰ ਹੋਈ ਮੀਟਿੰਗ ਦੌਰਾਨ ਲਏ ਗਏ ਫੈਸਲੇ ਦੇ ਸਨਮੁੱਖ ਉਚੇਰੀ ਸਿੱਖਿਆ ਵਿਭਾਗ ਅਧੀਨ ਆਉਂਦੇ ਰਾਜ ਦੇ ਸਰਕਾਰੀ ਕਾਲਜਾਂ ਲਈ ਨਿਮਨਲਿਖਤ ਅਨੁਸਾਰ ਮੁੱਖ ਮੰਤਰੀ ਵਜੀਫਾ ਸਕੀਮ ਲਾਗੂ ਕਰਨ ਦੀ ਪ੍ਰਵਾਨਗੀ ਦਿੰਦੇ ਹਨ:-

1. ਸਕੀਮ ਕੇਵਲ ਸਰਕਾਰੀ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਉਤੇ ਲਾਗੂ ਹੋਵੇਗੀ ਅਤੇ ਇਸ ਸਕੀਮ ਦੇ ਤਹਿਤ ਯੂਨੀਵਰਸਿਟੀ ਦੁਆਰਾ ਵਿਦਿਆਰਥੀਆਂ ਤੋਂ ਚਾਰਜ ਕੀਤੀ ਜਾਣ ਵਾਲੀ ਯੂਨੀਵਰਸਿਟੀ ਫੀਸ (ਐਗਜ਼ਾਮੀਨੇਸ਼ ਫੀਸ) ਤੋਂ ਕਨਸੈਸ਼ਨ ਦਿੱਤਾ ਜਾਵੇਗਾ।

2. ਵਜ਼ੀਫੇ ਦੀ ਰਾਸ਼ੀ ਇਕਸਾਰ ਹੋਵੇਗੀ ਅਤੇ ਯੂਨੀਵਰਸਿਟੀ ਵਲੋਂ ਚਾਰਜ ਕੀਤੀ ਜਾਂਦੀ ਫੀਸ ਦੇ ਅਨੁਪਾਤ ਅਨੁਸਾਰ ਹੋਵੇਗੀ ।

3. ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਵਜ਼ੀਫੇ ਦੀ ਰਿਆਇਤ ਕੁਆਲੀਫਾਈਂਗ ਇਮਤਿਹਾਨ ਵਿਚ ਪ੍ਰਾਪਤ ਕੀਤੇ ਅੰਕ ਦੀ ਪ੍ਰਤੀਸ਼ਤਤਾ ਅਨੁਸਾਰ ਹੋਵੇਗੀ । ਇਹ ਰਿਆਇਤ ਉਦੋਂ ਤਕ ਜਾਰੀ ਰਹੇਗੀ ਜਦੋਂ ਤਕ ਵਿਦਿਆਰਥੀ ਆਪਣਾ ਕੋਰਸ ਮੁਕੰਮਲ ਨਹੀਂ ਕਰ ਲਵੇਗਾ ਬਸ਼ਰਤੇ ਕਿ ਫੀਸ ਵਿਚ ਦਿੱਤੀ ਜਾਣ ਵਾਲੀ ਰਿਆਇਤ ਦੀ ਪ੍ਰਤੀਸ਼ਤਤਾ ਪਿਛਲੀ ਕਲਾਸ ਵਿਚ ਪ੍ਰਾਪਤ ਕੀਤੇ ਅੰਕਾਂ ਦੀ ਪ੍ਰਤੀਸ਼ਤਤਾ ਅਨੁਸਾਰ ਹੋਵੇਗੀ । ਉਦਾਹਰਣ ਦੇ ਤੌਰ ਤੇ ਜੇਕਰ ਇੱਕ ਵਿਦਿਆਰਥੀ ਨੇ ਬਾਰਵੀਂ ਕਲਾਸ ਵਿਚ 60 ਫੀਸਦੀ ਅੰਕ ਪ੍ਰਾਪਤ ਕੀਤੇ ਹਨ ਤਾਂ ਉਸ ਨੂੰ ਬੀ.ਏ. ਭਾਗ-1 ਵਿਚ ਫੀਸ ਵਿਚ 60 ਫੀਸਦੀ ਰਿਆਇਤ ਮਿਲੇਗੀ । ਅਜਿਹੇ ਕੇਸ ਵਿਚ ਜੇਕਰ ਵਿਦਿਆਰਥੀ ਬੀ.ਏ. ਭਾਗ-1 ਵਿਚ 70 ਫੀਸਦੀ ਅੰਕ ਪ੍ਰਾਪਤ ਕਰਦਾ ਹੈ ਤਾਂ ਉਸਨੂੰ ਬੀ.ਏ.ਭਾਗ-2 ਵਿਚ ਫੀਸ ਵਿਚ 70 ਫੀਸਦੀ ਰਿਆਇਤ ਮਿਲੇਗੀ।

4. ਯੂਨੀਵਰਸਿਟੀ ਪੱਧਰ ਤੇ ਮਿਲਣ ਵਾਲੀ ਰਿਆਇਤ ਨਿਮਨਲਿਖਤ ਅਨੁਸਾਰ ਹੋਵੇਗੀ :-

   ੳ) 60% ਤੋਂ ਵੱਧ ਅਤੇ 70% ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਫੀਸ ਵਿਚ 70% ਰਿਆਇਤ ਦਿੱਤੀ ਜਾਵੇਗੀ;
   ਅ) 70% ਤੋਂ ਵੱਧ ਅਤੇ 80% ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਫੀਸ ਵਿਚ 80% ਰਿਆਇਤ ਦਿੱਤੀ ਜਾਵੇਗੀ;
   ੲ) 80% ਤੋਂ ਵੱਧ ਅਤੇ 90% ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਫੀਸ ਵਿਚ 90% ਰਿਆਇਤ ਦਿੱਤੀ ਜਾਵੇਗੀ;
   ਸ) 90% ਤੋਂ ਵੱਧ ਅਤੇ 100% ਤੋਂ ਘੱਟ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਫੀਸ ਵਿਚ 100% ਰਿਆਇਤ ਦਿੱਤੀ ਜਾਵੇਗੀ;

5. ਵਿਦਿਆਰਥੀਆਂ ਨੂੰ ਵਜ਼ੀਫਾ ਤਦੇ ਦਿੱਤਾ ਜਾਵੇਗਾ ਜੇਕਰ ਉਹਨਾਂ ਨੂੰ ਕੋਈ ਹੋਰ ਵਜ਼ੀਫਾ ਨਾ ਮਿਲਦਾ ਹੋਵੇ । ਜੇਕਰ ਵਿਦਿਆਰਥੀ ਰਾਜ ਸਰਕਾਰ ਜਾਂ ਕੇਂਦਰ ਸਰਕਾਰ ਦੀ ਕਿਸੇ ਸਕੀਮ ਅਧੀਨ ਕੋਈ ਵਜ਼ੀਫਾ ਪ੍ਰਾਪਤ ਕਰ ਰਿਹਾ ਹੋਵੇ ਅਤੇ ਇਸ ਵਰਤਮਾਨ ਸਕੀਮ ਅਧੀਨ ਮਿਲਣ ਵਾਲਾ ਲਾਭ ਉਸ ਨਾਲੋਂ ਜ਼ਿਆਦਾ ਬਣਦਾ ਹੋਵੇ ਤਾਂ ਉਹਨੂੰ ਕੇਵਲ ਵਰਤਮਾਨ ਸਕੀਮ ਅਧੀਨ ਮਿਲਣ ਵਾਲੇ ਵਜ਼ੀਫੇ ਅਤੇ ਪਹਿਲਾਂ ਮਿਲਦੇ ਵਜ਼ੀਫਾ ਅੰਤਰ ਹੀ ਅਦਾਇਗੀਯੋਗ ਹੋਵੇਗਾ।

6. ਇਹ ਸਿਧਾਂਤ ਤਦੇ ਲਾਗੂ ਹੋਵੇਗਾ ਜੇਕਰ ਵਿਦਿਆਰਥੀ ਸਾਰੇ ਵਿਸ਼ਿਆ ਵਿਚ ਇਮਤਿਹਾਨ ਪਾਸ ਕਰਦਾ ਹੈ । ਜੇਕਰ ਕੋਈ ਵਿਦਿਆਰਥੀ ਇਸ ਤੱਥ ਦੇ ਬਾਵਜੂਦ ਕਿਸੇ ਵਿਸ਼ੇ ਦਾ ਇਮਤਿਹਾਨ ਪਾਸ ਨਹੀਂ ਕਰ ਪਾਉਂਦਾ, ਪਰ ਬਾਕੀ ਵਿਸ਼ਿਆ ਵਿੱਚ ਪ੍ਰਾਪਤ ਕੀਤੇ ਅੰਕਾਂ ਦੇ ਆਧਾਰ ਤੇ ਉਹ ਵਜ਼ੀਫੇ ਦਾ ਪਾਤਰ ਬਣਦਾ ਹੈ, ਤਾਂ ਵੀ ਉਸਨੂੰ ਵਜ਼ੀਫਾ ਸਕੀਮ ਲਈ ਨਹੀਂ ਵਿਚਾਰਿਆ ਜਾਵੇਗਾ ।

7. ਵਜ਼ੀਫਾ ਸਕੀਮ ਅੰਡਰ ਗਰੈਜੂਏਟ ਅਤੇ ਪੋਸਟ ਗਰੈਜੂਏਟ ਕੋਰਸਾਂ ਵਿਚ ਪੜ ਰਹੇ ਵਿਦਿਆਰਥੀਆਂ ਉੱਤੇ ਲਾਗੂ ਹੋਵੇਗੀ ।

8. ਸਬੰਧਤ ਯੂਨੀਵਰਸਿਟੀ ਦੁਆਰਾ ਲਾਭਪਾਤਰੀ ਵਿਦਿਆਰਥੀਆਂ ਤੋਂ ਫੀਸ ਦੇ ਵਿਚ ਛੋਟ ਫੀਸ ਭਰਾਉਣ ਦੇ ਵੇਲੇ ਹੀ ਦਿੱਤੀ ਜਾਵੇਗੀ । ਕਹਿਣ ਦਾ ਭਾਵ ਕਿ ਜੇਕਰ ਕਿਸੇ ਵਿਦਿਆਰਥੀ ਨੂੰ 60%ਫੀਸ ਦੇ ਵਿਚ ਕਨਸੈਸ਼ਨ ਹੈ ਤਾਂ ਉਸ ਵਿਦਿਆਰਥੀ ਤੋਂ 40% ਫੀਸ ਹੀ ਯੂਨੀਵਰਸਿਟੀ ਦੁਆਰਾ ਭਰਵਾਈ ਜਾਵੇਗੀ । ਸਬੰਧਤ ਯੂਨੀਵਰਸਿਟੀ ਦੁਆਰਾ ਇਹ ਕਲੇਮ ਇੱਕਠੇ ਕਰਨ ਉਪਰੰਤ ਉਚੇਰੀ ਸਿੱਖਿਆ ਵਿਭਾਗ ਨੂੰ ਭੇਜਿਆ ਜਾਵੇਗਾ ਅਤੇ ਉਚੇਰੀ ਸਿੱਖਿਆ ਵਿਭਾਗ ਬਣਦੀ ਰਕਮ ਖਜ਼ਾਨੇ ਵਿਚੋਂ ਕਢਵਾਕੇ ਸਬੰਧਤ ਯੂਨੀਵਰਸਿਟੀ ਨੂੰ ਭੇਜੇਗਾ।

ਇਹ ਪ੍ਰਵਾਨਗੀ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਮਿਤੀ 01-12-2021 ਵਿਚ ਹੋਏ ਫੈਸਲੇ ਅਨੁਸਾਰ, ਜੋ ਕਿ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਸ਼ਾਖਾ) ਦੇ ਅੰ.ਵਿ.ਪੱ.ਨੰ. 1/313/2021-ਕੈਬਨਿਟ/9245, ਮਿਤੀ 02-12-2021 ਰਾਹੀਂ ਪ੍ਰਾਪਤ ਹੋਈ ਹੈ, ਦੇ ਅਨੁਸਾਰ ਜਾਰੀ ਕੀਤੀ ਜਾਂਦੀ ਹੈ ।

(ਕ੍ਰਿਸ਼ਨ ਕੁਮਾਰ)
ਸਕੱਤਰ, ਪੰਜਾਬ ਸਰਕਾਰ
ਉਚੇਰੀ ਸਿੱਖਿਆ ਵਿਭਾਗ

ਮਿਤੀ, ਚੰਡੀਗੜ੍ਹ
09.12.2021

ਨੰ:7/5/2018-5 ਸਿ.1/6402 ਮਿਤੀ,ਚੰਡੀਗੜ੍ਹ: 10.12.2021

ਇਸ ਦਾ ਇੱਕ ਉਤਾਰਾ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਯੂ.ਟੀ. ਚੰਡੀਗੜ੍ਹ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਹ ਅਧਿਸੂਚਨਾ ਨੂੰ ਪੰਜਾਬ ਸਰਕਾਰ ਦੇ ਸਾਧਾਰਣ ਗਜ਼ਟ ਵਿੱਚ ਛਪਵਾਉਣ ਦੀ ਖੇਚਲ ਕੀਤੀ ਜਾਵੇ ।

ਸਕੱਤਰ, ਉਚੇਰੀ ਸਿੱਖਿਆ

ਨੰ:7/5/2018-5 ਸਿ.1/6403-6410 ਮਿਤੀ,ਚੰਡੀਗੜ੍ਹ: 10.12.2021

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ;
2) ਪ੍ਰਮੁੱਖ ਸਕੱਤਰ/ਰਾਜਪਾਲ , ਪੰਜਾਬ, ਚੰਡੀਗੜ੍ਹ;
3) ਨਿ.ਸਕੱ/ਮਾਨਯੋਗ ਉਚੇਰੀ ਸਿੱਖਿਆ ਮੰਤਰੀ, ਪੰਜਾਬ ਸਰਕਾਰ;
4) ਨਿ.ਸਕੱ/ਮਾਨਯੋਗ ਵਿੱਤ ਮੰਤਰੀ, ਪੰਜਾਬ ਸਰਕਾਰ;
5) ਨਿ.ਸਕੱ/ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ;
6) ਨਿ.ਸਕੱ/ਮਾਨਯੋਗ ਸਕੱਤਰ, ਉਚੇਰੀ ਸਿੱਖਿਆ;
7) ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜ਼), ਪੰਜਾਬ, ਐਸ.ਏ.ਐਸ. ਨਗਰ;
8) ਸੁਪਰਡੰਟ, ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਨੂੰ ਉਹਨਾਂ ਦੇ ਅੰ.ਵਿ.ਪੱ.ਨੰ. 1/313/2021-ਕੈਬਨਿਟ/9245, ਮਿਤੀ 02-12-2021 ਦੇ ਹਵਾਲੇ ਵਿਚ।

ਸਕੱਤਰ, ਉਚੇਰੀ ਸਿੱਖਿਆ

ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ) ਪੰਜਾਬ।
(ਸਕਾਲਰਸ਼ਿਪ-3 ਸ਼ਾਖਾ)

ਪਿੱਠ ਅੰਕਣ ਨੰ: 365218/2022 ਮਿਤੀ: ਐਸ.ਏ.ਐਸ ਨਗਰ ,05-08-2022

ਉਪਰੋਕਤ ਦਾ ਉਤਾਰਾ ਰਾਜ ਦੇ ਸਮੂਹ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲਾਂ, ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੂੰ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ ਵਜ਼ੀਫਾ

## ਦਫਤਰ : ਡਾਇਰੈਕਟਰ ਸਿੱਖਿਆ ਵਿਭਾਗ (ਕਾਲਜਾਂ) ਪੰਜਾਬ।
## (ਸਕਾਲਰਸ਼ਿਪ ਸ਼ਾਖਾ)

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਸਰਕਾਰੀ ਕਾਲਜਾਂ ਦੇ

ਪ੍ਰਿੰਸੀਪਲ ਸਾਹਿਬਾਨ।

ਮੀਮੋ ਨੰਬਰ: E-365218/805

ਮਿਤੀ, ਐਸ.ਏ.ਐਸ ਨਗਰ। 26/10/22

ਵਿਸ਼ਾ:- ਮੁੱਖ ਮੰਤਰੀ ਵਜੀਫਾ ਸਕੀਮ ਸਬੰਧੀ ਅਗਲੇਰੀ ਕਾਰਵਾਈ ਕਰਨ ਹਿੱਤ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਿਤੀ 03-10-2022 ਅਤੇ 14-10-2022 ਨੂੰ ਭੇਜੀ ਗਈ ਸਕੀਮ ਸਬੰਧੀ ਨੋਟੀਫਿਕੇਸ਼ਨ ਦੀ ਲਗਾਤਾਰਤਾ ਵਿੱਚ ਸਮੂਹ ਸਰਕਾਰੀ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਹੇਠ ਲਿਖੇ ਅਨੁਸਾਰ ਅਗਲੇਰੀ ਕਾਰਵਾਈ ਕਰਨ ਦੀ ਹਿਦਾਇਤ ਕੀਤੀ ਜਾਂਦੀ ਹੈ।

(ੳ) ਕਾਲਜ ਪੱਧਰ ਤੇ ਕਮੇਟੀ ਦਾ ਗਠਨ।

ਇਸ ਸਕੀਮ ਅਧੀਨ ਯੋਗ ਵਿਦਿਆਰਥੀਆਂ ਦੀ ਚੋਣ ਕਰਨ ਲਈ ਹੇਠ ਅਨੁਸਾਰ ਕਮੇਟੀ ਬਣਾਈ ਜਾਵੇਗੀ। ਜੋ ਹੇਠ ਦਰਸਾਈਆਂ ਬਾਕੀ ਹਦਾਇਤਾਂ ਅਨੁਸਾਰ ਯੋਗ ਲਾਭ ਪਾਤਰੀ ਵਿਦਿਆਰਥੀਆਂ ਦੀ ਚੋਣ ਕਰੇਗੀ।

1. ਹਰੇਕ ਸਰਕਾਰੀ ਕਾਲਜ ਵਿੱਚ ਇੱਕ ਚਾਰ ਮੈਂਬਰੀ ਕਮੇਟੀ ਬਣਾਈ ਜਾਵੇ ਇਸ ਕਮੇਟੀ ਵਿੱਚ ਘੱਟੋ ਘੱਟ ਇੱਕ ਮੈਂਬਰ ਕਿਸੇ ਵਿਦਿਆਰਥੀ ਦੇ ਮਾਪੇ ਜੋ ਕਿ (Parents Teachers Association) ਦੇ ਮੈਂਬਰ ਵਿਚੋ ਲਿਆ ਜਾਵੇਗਾ।

2. ਇਹ ਕਮੇਟੀ ਇਸ ਸਕੀਮ ਅਨੁਸਾਰ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ Concession ਅਨੁਸਾਰ ਜਿਹੜੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣੀ ਹੈ ਉਹਨਾਂ ਵਿਦਿਆਰਥੀਆਂ ਦੀ ਚੋਣ ਕਰੇਗੀ।

3. ਇਸ ਸਬੰਧੀ ਹੋਈਆਂ ਮੀਟਿੰਗਾਂ ਦੀ ਮੁਕੰਮਲ ਕਾਰਵਾਈ ਰਿਪੋਰਟ ਤਿਆਰ ਕੀਤੀ ਜਾਵੇਗੀ ਅਤੇ ਕਾਲਜ ਪੱਧਰ ਤੇ ਰਿਕਾਰਡ ਵਿੱਚ ਰੱਖੀ ਜਾਵੇਗੀ।

4. ਇਹਨਾਂ ਲਾਭਪਾਤਰੀ ਵਿਦਿਆਰਥੀਆਂ ਦੇ ਡਾਕੂਮੈਂਟਸ ਦੀ ਕਾਪੀ ਅਤੇ ਕਮੇਟੀ ਦੀ ਸਿਫਾਰਸ਼ਾਂ ਸਮੇਤ ਵਿਦਿਆਰਥੀਆਂ ਨੂੰ ਦਿੱਤੀ ਗਈ ਸਕਾਲਰਸ਼ਿਪ ਦੇ ਕਲਾਸਵਾਈਜ ਵੇਰਵੇ ਵੀ ਰਿਕਾਰਡ ਵਿੱਚ ਰੱਖੇ ਜਾਣਗੇ ਤਾਂ ਜੋ ਭਵਿੱਖ ਵਿੱਚ ਹੋਣ ਵਾਲੇ ਆਡਿਟ ਵਿੱਚ ਪੇਸ਼ ਕੀਤੇ ਜਾ ਸਕਣ।

5. ਇਸ ਸਕੀਮ ਅਧੀਨ ਲਾਭਪਾਤਰੀ ਵਿਦਿਆਰਥੀਆਂ ਤੋਂ ਯੂਨੀਵਰਸਿਟੀ ਦੇ ਇਮਤਿਹਾਨਾਂ ਦੀ ਫੀਸ (Examination Fees) ਵਿੱਚੋਂ ਬਣਦੀ ਸਕਾਲਰਸ਼ਿਪ ਦੇ ਬਰਾਬਰ ਛੋਟ ਦਿੱਤੀ ਜਾਵੇਗੀ ਭਾਵ ਉਸ ਤੇ ਸਕਾਲਰਸ਼ਿਪ ਕੁੱਲ ਯੂਨੀਵਰਸਿਟੀ ਫੀਸ ਵਿੱਚੋਂ ਇਸ ਸਕਾਲਰਸ਼ਿਪ ਦੀ ਰਾਸ਼ੀ ਘਟਾ ਕੇ (Examination Fees) ਲਈ ਜਾਵੇਗੀ।

ਇਸ ਕਲਾਸਵਾਇਜ਼ ਦੇ ਯੋਗਪਾਤਰੀ ਵਿਦਿਆਰਥੀਆਂ ਦੀ ਸੂਚੀ ਜਾਰੀ ਕਰਕੇ ਸੰਸਥਾ ਦੀ ਵੈਬਸਾਈਟ ਤੇ ਅਪਲੋਡ ਕੀਤੀ ਜਾਵੇਗੀ। ਇਸ ਸਬੰਧੀ ਰੈਗੂਲਰ ਇਸ ਦਫ਼ਤਰ ਅਤੇ ਇਸ ਵਿੱਚ ਸ਼ਾਮਲ ਕੀਤੇ ਸੂਚੀਆਂ ਦਰਜ ਕਰਵਾਏ ਜਾਣਗੇ।

(ਅ) ਯੋਗਪਾਤਰੀ ਵਿਦਿਆਰਥੀਆਂ ਸਬੰਧੀ ਹੇਠ ਦਰਸਾਏ ਪ੍ਰੋਫਾਰਮੇ ਅਨੁਸਾਰ ਜਾਣਕਾਰੀ ਇਕੱਤਰ ਕੀਤੀ ਜਾਵੇਗੀ।

The Draft performa to be filled by committee under CM scholarship Scheme.

1. Name of Student :

2. Father's Name :

3. Aadhar Card Number :

4. Class and year ($1^{st}/2^{nd}/3^{rd}$) :

5. Whether the student has cleared all papers of qualifying year/class: (Yes /No)

6. Percentage of the student in qualifying Class :

7. Total examination fee of University :

8. The amount of Scholarship for which student is eligible :

Certified taht the documents and credentials of the student have been verified and that he is eligible for scholarship of Rs..........

**Signatures of Committee members**

**Of Principal with seal** Signature

(ੲ) **ਯੋਗਪਾਤਰੀ ਵਿਦਿਆਰਥੀਆਂ ਦੀ ਸੂਚੀ** ਜਾਣਕਾਰੀ Excel Sheet ਵਿੱਚ ਜਿਸਦਾ Format ਹੇਠਾਂ ਦਿੱਤਾ ਗਿਆ ਹੈ **ਅਨੁਸਾਰ ਤਿਆਰ ਕੀਤੀ ਜਾਵੇਗੀ ਜਿਸਦੇ ਇਕ ਕਾਪੀ ਸਬੰਧਤ ਯੂਨੀਵਰਸਿਟੀ ਅਤੇ ਇਕ ਕਾਪੀ ਦਫ਼ਤਰ ਡੀ.ਪੀ.ਆਈ. ਕਾਲਜਾਂ ਨੂੰ ਭੇਜੀ ਜਾਵੇਗੀ।**

| Sr. No. | Class | Total Annual examination fee of the concerned University | No. of Students under following %age wise categories as per scheme | | | | Consolidated amount given as scholarship to students under following %age wise categories (in Rs.) | | | | Total Amount payable (in Rs.) |
|---|---|---|---|---|---|---|---|---|---|---|---|
| | | | 60% 70% | 70% 80% | 80% 90% | 90% 100 % | 60% 70% | 70% 80% | 80% 90% | 90% 100 % | |
| | | | | | | | | | | | |

ਇਹ ਸਾਰੀ ਪ੍ਰਕਿਰਿਆ **ਮਿਤੀ 07-11-2022 ਤੱਕ ਪੂਰੀ ਕਰਕੇ** ਸਬੰਧਤ ਯੂਨੀਵਰਸਿਟੀਆਂ ਨੂੰ ਭੇਜੀ ਜਾਵੇ। ਇਸ ਮਾਮਲੇ ਨੂੰ **ਪਹਿਲ ਅਧਾਰ ਦਿੱਤੀ ਜਾਵੇ।**

ਸਹਾਇਕ ਡਾਇਰੈਕਟਰ (ਵਜ਼ੀਫਾ)